ਸਿੰਘ-ਸੇਵਕ ਏਜੰਸੀ ਦਾ ਪੁਸਤਕ। ਇਸਨੂੰ ਕੋਈ ਨਾ ਛਾਪੇ

ਨੰਬਰ | ੧ੴ ਸਤਿਗੁਰਪ੍ਰਸਾਦਿ ॥ | ੧

ਯ 805

ਸ੍ਰੀ ਮਤੀ

# ਸਤਜੀਤ-ਸੁੰਦਰੀ

ਦਾ

## ਹੂਬਹੂ ਫੋਟੋ

DYAL SINGH LIBRARY LAHORE

ਮੈਨੇਜਰ ਦੀ ਸਿੰਘ-ਸੇਵਕ-ਏਜੰਸੀ
ਅਮ੍ਰਿਤਸਰ ਨੇ ਛਪਾਯਾ

ਪੈਹਲੀ ਵਾਰ ] ਜਨਵਰੀ ੧੯੧੨ [ ੧੦੦੦

ਕੀਮਤ | ਸ੍ਰੀ ਗੁਰਮਤ ਪ੍ਰੇਸ ਅੰਮ੍ਰਿਤਸਰ ਵਿਚ ਭਾਈ ਬੁਧ ਸਿੰਘ ਮੈਨੇਜਰ ਦੇ ਯਤਨ ਨਾਲ ਛਪਿਆ | ।-)

ਮ ੫੦ 228/3

# ਬੇਨਤੀ ਪੱਤ੍ਰ

ਪਿਆਰੇ ਪਾਠਕੋ ! ਇਹ ਉਹ ਪੁਸਤਕ ਹੈ ਜੋ ਅਜ ਤਕ ਗੁਰਮੁਖੀ ਵਿਚ ਨਹੀਂ ਸੀ ਛਪੀ ਇਸਦੇ ਪੜ੍ਹਨ ਤੇ ਕਈ ਪ੍ਰਕਾਰ ਦੀ ਸਿਖਯਾ ਪ੍ਰਾਪਤ ਹੁੰਦੀ ਹੈ, ਸਤਿਵਾਦੀ, ਉਪਦੇਸ਼, ਨੇਕ ਚਲਨ, ਪ੍ਰਮਾਰਥੀ ਸੂਝ, ਬੁਰਿਆਈ ਦਾ ਬੁਰਾ ਫਲ, ਸਚ ਦੀ ਜੈ ਆਦਿਕ ਬੜੇ ਬੜੇ ਚਮਤਕਾਰੇ ਅਰ ਜਾਦੂ ਦੇ ਓਹ ਅਸਰ ਕੁੱਟ ਕੁੱਟ ਕੇ ਭਰੇ ਹਨ, ਜਿਸਨੂੰ ਅਜ ਕਲ ਦੇ ਪ੍ਰੇਮੀ ਪਾਠਕ ਤਰਸ ਰਹੇ ਸਨ ਅਰ ਚਾਹੁੰਦੇ ਸਨ ਕਿ ਕੋਈ ਅਜਿਹੀ ਭੀ ਪੁਸਤਕ ਸਾਡੀ ਵਿਦਯਾ ਵਿਚ ਛਪੇ। ਮੈਂਨੇ ਏਸ ਲੋੜ ਨੂੰ ਦੇਖਕੇ ਇਸ ਦਾ ਲਿਖਕੇ ਪ੍ਰਗਟ ਕਰ ਦੇਨਾ ਜਰੂਰੀ ਸਮਝਿਆ। ਅਰ ਇਸ ਨੂੰ ਛੇ ਹਿਸਿਆਂ ਵਿਚ ਸੰਪੂਰਨ ਕੀਤਾ ਹੈ, ਇਸ ਪੈਹਲੇ ਹਿਸੇ ਨੂੰ ਇਕ ਨਾਵਲ ਦੇ ਢੰਗ ਤੇ ਲਿਖ ਕੇ (ਜਿਸ ਕਰਕੇ ਪਾਠਕਾਂ ਦਾ ਮਨ ਇਸ ਵਿਚ ਪੂਰਾ ਮਗਨ ਹੋਯਾ ਰਹੇ ਅਰ ਇਸਵਿਚ ਲਿਖੀ ਸਿਖਯਾ ਦਾ ਤਤ ਕਢਕੇ ਏਸਦੇ ਅਨੁਸਾਰੀ ਹੋ ਜਾਣ) ਆਪਦੀ ਦ੍ਰਿਸ਼ਟੀ ਗੋਚਰ ਕਰਦਾ ਹਾਂ। ਮੈਂ ਉਨਾਂ ਸਜਨਾਂਦਾ ਅਤਿਧੰਨਬਾਦ ਕਰਦਾ ਹਾਂ ਜਿਨਾਂ ਨੇ ਇਸ ਪੁਸਤਕ ਦੇ ਲਿਖਨ ਵਿਚ ਮੇਰੀ ਕਲਮ ਨੂੰ ਮਦਦ ਦਿਤੀ ਹੈ। ਭਾਵੇਂ ਇਹ ਲਿਖਤ ਆਪ ਜੈਸੇ ਕਰਤਿਆਂ ਦੇ ਸਾਹਮਣੇ ਤੁੱਛ ਹੈ ਪਰ ਮੇਰੀ ਇਸ ਮੇਹਨਤ ਵਲ ਧਿਆਨ ਦੇਕੇ ਦਾਸ ਨੂੰ ਅੱਗੇ ਲਈ ਅਪਨੀ ਉਪਦੇਸ਼ਕੀ ਤੇ ਚੱਲਨ ਦਾ ਰਾਹ ਦੱਸਕੇ ਕ੍ਰਿਤਾਰਥ ਕਰੋਗੇ। ਅਤੇ ਬਾਕੀ ਦੇ ਪੰਜ ਹਿਸਿਆਂ ਨੂੰ ਆਪਦੇ ਮਨ ਭਾਉਂਦੇ ਕਾਂਡਾਂ ਵਿਚ ਸਮਾਪਤ ਕਰਨ ਦਾ ਹੌਸਲਾ ਵਧਾਓ ਗੇ ॥

ਦਾਸ, ਕਰਤਾ

355

## ਪਹਿਲਾ ਕਾਂਡ

ਸੰਮਤ ੪੪੩ ਬਿਕ੍ਰਮੀ ਨੂੰ ਕਾਂਸੀ ਜੀ ਵਿੱਚ ਵੈਦਰਾਜ ਮੁਕੰਦ ਰਾਮ ਦਾ ਬੜਾ ਦਬਦਬਾ ਸੀ ਏਹਨਾਂ ਦੀ ਵੈਦਗੀ ਚੰਗੀ ਚਲਦੀਸੀ, ਕਿੰਨੇਹੀ ਰੋਗੀ ਇਨਾਂਦੇ ਉਪਾਯ ਅਰ ਔਸ਼ਧੀਆਂ ਨਾਲ ਰਾਜ਼ੀ ਹੁੰਦੇ ਸਨ। ਰਾਜਾ, ਪਰਜਾ, ਧਨੀ, ਗ੍ਰੀਬ ਸਭ ਦਾ ਉਪਾ ਇਨ੍ਹਾਂ ਦੇ ਦ੍ਵਾਰੇ ਹੀ ਹੋਯਾ ਕਰਦਾ ਸੀ, ਇਨ੍ਹਾਂ ਦਾ ਮਕਾਨ ਪਤਿਤ ਪਾਵਨੀ ਭਗੀਰਥੀ ਅਰ ਬਰਨਾ ਨਦੀ ਦੇ ਸੰਗਮ (ਵਿਚਕਾਰ) ਤੇ ਸੀ ॥

ਏਹ ਮਕਾਨ ਵਚਿਤ੍ਰ ਕਰਾਮਾਤ ਨਾਲ ਭਰਿਆ ਹੋਯਾ ਸੀ, ਜੋ ਇੱਸੇ ਹਿੱਸੇ ਵਿੱਚ ਸਮੇਂ ਸਮੇਂ ਤੇ ਪਤਾ ਲਗਦਾ ਜਾਵੇਗਾ, ਬਿਕ੍ਰਮੀ ਸੰਮਤ ੨੩੭ ਵਿਸਾਖ ਮਹੀਨੇ ਦੀ ਪਹਿਲੀ ਨੂੰ ਇੱਕ ਨੌ ਜਵਾਨ ਪੁਰਸ਼ ਏਹਨਾਂ (ਵੈਦ ਰਾਜ) ਦੇ ਮਕਾਨ ਦੇ ਫਾਟਕ ਨੂੰ ਤੁਰਿਆ ਜਾਂਦਾ ਹੈ, ਏਸ ਦੀ ਉਮਰ ਕੋਈ ੨੫ ਕੁ ਵਰਹੇ ਦੇ ਲਗ ਪਗ ਹੋਵੇਗੀ, ਰੰਗ ਗੋਰਾ, ਗਢੀਲਾ ਸ੍ਰੀਰ, ਉੱਚੀ ਛਾਤੀ, ਵਡੀਆਂ ੨ ਤੇ ਮੋਟੀਆਂ ਅੱਖਾਂ, ਸਭ ਅੰਗ ਇਸਦੇ ਸਡੌਲ ਹਨ। ਜਵਾਨ ਫਾਟਕ ਦੇ ਵਿੱਚ ਆਕੇ ਖਲੋ ਗਿਆ ਤੇ ਇੱਕ ਇੱਕ ਕੰਧ ਅਰ ਕੋਠੜੀਆਂ ਨੂੰ ਦੇਖਣ ਲੱਗ ਪਿਆ, ਇਹ ਫਾਟਕ ਨਿਰਾ ਪੱਥਰਾਂ ਦਾ ਬਨਿਆਂ ਹੋਯਾ ਸੀ, ਅਤੇ ੧੫ ਕੁ ਹੱਥ ਦੇ ਲਗ ਪਗ ਉੱਚਾ ਸੀ, ਫਾਟਕ ਦੇ ਦੋਹੀਂ ਪਾਸੀਂ ਇੱਕ ਇੱਕ ਦਾਲਾਨ ਅਰ ਇੱਕ ੨ ਕੋਠੜੀ ਸੀ

ਜਿਸ ਵਿੱਚ ਤਿੰਨ ਦਰੇ ਬਨੇ ਹੋਏ ਸਨ, ਫਾਟਕ ਦੇ ਅੰਦਰ ਅੱਧ ਕੋਹ ਚੌੜਾ ਅਰ ਏਨਾਹੀ ਲੰਮਾਂ ਮਦਾਨ ਸੀ ਜੋਕਿ ਉੱਚੀ ਪੱਕੀ ਅਰ ਚੌੜੀ ਪੱਥਰਾਂ ਦੀ ਛਰ ਦੀਵਾਲ (ਆਸੇ ਪਾਸੇ ਦੀ ਕੰਧ) ਨਾਲ ਘਿਰਿਆ ਹੋਯਾ ਸੀ, ਏਸ ਮੈਦਾਨ ਵਿੱਚ ਕਈ ਪੁਹਾਰੇਦਾਰ ਬੌਲੀ ਅਰ ਨੈਹਰਾਂ ਤੋਂ ਬਿਨਾਂ ਬਹੁਤ ਹੀ ਸੁੰਦਰ ਤਰਾਂ ਦੇ ਬਾਗ ਲੱਗੇ ਹੋਏ ਸਨ, ਛੋਟੇ ੨ ਬ੍ਰਿੱਛਾਂਵਿੱਚ ੪੦੦ ਗਜ਼ ਲੰਮੀ ਅਰ ਚੌੜੀ ਧਰਤੀ ਨੂੰ ਘੇਰੀ ਵੈਦਰਾਜ ਦਾ ਉੱਚਾ ਮਕਾਨ ਚਮਕਦਾ ਹੋਯਾ ਦਿਖਾਈ ਦੇਂਦਾ ਸੀ॥

ਮਕਾਨ ਦੀ ਕੁਰਮੀ ਦੋ ਕੁ ਫੁੱਟ ਦੇ ਲਗ ਪਗ ਉੱਚੀਸੀ, ਚਾਰਗਜ਼ ਚੌੜੀ ਖਾਈ ਸ੍ਵਛ ਜਲਨਾਲ ਭਰੀ ਮਕਾਨ ਦੇ ਚਾਰੇ ਪਾਸੇ ਫਿਰੀ ਹੋਈ ਸੀ, ਖਾਈ ਤੇਪੂਰਬ ਪਾਸੇ ਵੱਲ ਇੱਕ ਪੁਲ ਬਨਿਆ ਹੋਯਾਸੀ ਜਿਸਦੇ ਉਤੋਂ ਦੀ ਹੋਕੇ ਲੋਕ ਮਕਾਨਾਂਦੇ ਅੰਦਰ ਆਉਂਦੇਜਾਂਦੇਸਨ ਅਰ ਜੋ ਸਮੇਂ ੨ ਸਿਠ ਕਲ ਦੇ ਦ੍ਵਾਰਾ ਚੁਕਿਆਭੀ ਜਾ ਸਕਦਾ ਸੀ। ਪੁਲੋਂ ਪਾਰ ਹੋਕੇ ਏਹ ਜਵਾਨ ਮਕਾਨ ਦੇ ਉਸਹਿੱਸੇ ਵਿੱਚ ਪਹੁੰਚਿਆ ਜਿੱਥੇ ਵੈਦਰਾਜ ਰੋਗੀਆਂ ਨੂੰ ਦੇਖਦੇਸਨ ਏਹ ਇੱਕ ਛੋਟਾ ਜੇਹਾ ਕਮਰਾ ਸੀ ਜਿਸਦੀ ਇੱਕ ਨੁੱਕਰ ਵੱਲ ਛੋਟੀ ਹੋਰ ਕੋਠੜੀ ਸੀ, ਜਿਸਨੂੰ ਇਕ ਬੜਾ ਪੱਕਾ ਜੰਦਰਾ ਵੱਜਾ ਹੋਯਾ ਸੀ, ਕਮਰੇ ਵਿੱਚ ਇੱਕ ਸਤਰੰਜੀ ਵਿਛੀ ਹੋਈ ਸੀ, ਦੱਖਨ ਦੀਆਂ ਕੰਧਾਂ ਵੱਲ ਕਈ ਅਲ ਮਾਰੀਆਂ ਮੇਲ ਮੇਲ ਕੇ ਰੱਖੀਆਂ ਹੋਈਆਂ ਸਨ, 'ਜਿਸ ਵਿੱਚ ਦਵਾਵਾਂ ਨਾਲ ਭਰੀਆਂ ਹੋਈਆਂ ਕਈ ਵਡੀਆਂ ਛੋਟੀਆਂ ਸ਼ੀਸ਼ੀਆਂ ਤ੍ਰਤੀਬ ਵਾਰ ਪਈਆਂ ਸਨ, ਉੱਤਰ



ਦੀ ਕੰਧ ਵੱਲ ਵੈਦਰਾਜ ਦੇ ਬੈਠਨ ਦੀ ਗੱਦੀ ਵਿਛੀ ਹੋਈ ਸੀ, ਇਸਤੋਂ ਬਿਨਾਂ ਦੋ ਮੂਰਤਾਂ ਚਾਰ ਚਾਰ ਹੱਥ ਲੰਮੀਆਂ ਗੱਦੀ ਦੇ ਆਸੇ ਪਾਸੇ ਲਟਕਾਈਆਂ ਹੋਈਆਂਸਨ ਜਿਨ੍ਹਾਂ ਉਤੇ ਕਾਲੇ ਰੰਗ ਦਾ ਰੇਸ਼ਮੀ ਕੱਪੜਾ ਪਾਯਾ ਹੋਯਾ ਸੀ। ਜਵਾਨ ਏਥੇ ਗੱਦੀ ਦੇ ਪਾਸ ਪਹੁੰਚਿਆ ਅਰ ਗੱਦੀ ਨੂੰ ਖਾਲੀ ਦੇਖ ਕੁਝ ਸੋਚਕੇ ਫੇਰ ਪਿੱਛੇਵੱਲ ਮੁੜਪਿਆ। ਅਜੇ ਬੂਹੇ ਦੀ ਦਲੀਜ ਤੋਂ ਪਾਰ ਪੈਰ ਰੱਖਿਆ ਹੀ ਸੀ ਕਿ ਸਾਹਮਨਿਓਂ ਇੱਕ ਆਦਮੀ ਆਉਂਦਾ ਦਿਸਿਆ। ਓਹ ਆਦਮੀ ਝੱਟ ਪੱਟ ਉਸ ਨੌ ਜਵਾਨ ਦੇ ਪਾਸ ਆਨ ਕੇ ਕਹਿਣ ਲੱਗਾ:--

ਆਪ ਮੁੜੇ ਕਿਉਂ ਜਾਂਦੇ ਹੋ ਇੱਕਘੰਟੇ ਦੇ ਅੰਦਰ ਅੰਦਰ ਹੀ ਵੈਦਰਾਜ ਹੋਰੀ ਇਥੇ ਆ ਜਾਂਦੇ ਹਨ।

ਜਵਾਨ–ਕੀ ਓਹ ਏਸ ਵੇਲੇ ਘਰ ਵਿੱਚ ਨਹੀਂ ਹਨ? ਅਰ ਤੁਸੀਂ ਓਹਨਾਂ ਦੇ ਨੌਕਰ ਹੋ?

ਓਹ ਪੁਰਸ਼--ਜੀ ਨਹੀਂ ਉਹ ਤਾਂ ਘਰ ਵਿੱਚ ਹੀ ਹੈਨ ਪਰ ਇੱਕ ਜ਼ਰੂਰੀ ਕੰਮ ਵਿੱਚ ਲਗੇ ਹੋਏ ਹਨ,ਮੇਰੀ ਬਾਬਤ ਜੋ ਆਪ ਨੇ ਕਿਹਾ ਹੈ ਸੋ ਠੀਕ ਹੈ॥

ਜਵਾਨ–ਤੁਹਾਡਾ ਨਾਉਂ ਕੀ ਹੈ?

ਓਹ ਪੁਰਸ਼–ਮੈਨੂੰ ਲੋਕ ਪਲਟਨ ਕਹਿਕੇ ਸਦਦੇ ਹਨ॥

ਜਵਾਨ--ਏਸ ਕਹਿਨ ਤੋਂ ਤਾਂ ਪ੍ਰਤੀਤ ਹੁੰਦਾ ਹੈ ਕਿ ਤੁਹਾਡਾ ਨਾਉਂ ਕੁਝ ਹੋਰ ਹੀ ਹੈ?

ਪਲਟਨ–(ਕੁਝ ਰੁਕਕੇ) ਜੀ ਨਹੀਂ! ਮੇਰਾ ਏਹੋ ਨਾਮ ਹੈ॥

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.